Punjabi - Number 71b
March 2019

# ਬੱਚਿਆਂ ਦੀ ਸੁਣਨ ਸ਼ਕਤੀ ਦੇ ਟੈੱਸਟ

# Hearing Tests for Infants and Children

ਬੱਚੇ ਜਨਮ ਦੇ ਪਲ ਤੋਂ ਹੀ ਭਾਸ਼ਾ ਸਿੱਖਣਾ ਸ਼ੁਰੂ ਕਰ ਦਿੰਦੇ ਹਨ। ਚੰਗੀ ਤਰ੍ਹਾਂ ਸੁਣ ਸਕਣ ਵਾਲੇ ਬੱਚੇ ਉਨ੍ਹਾਂ ਦੇ ਆਸੇ ਪਾਸੇ ਦੀਆਂ ਸਾਰੀਆਂ ਆਵਾਜ਼ਾਂ ਰਾਹੀਂ ਆਪਣੀ ਦੁਨੀਆਂ ਬਾਰੇ ਬਹੁਤ ਕੁਝ ਸਿੱਖਦੇ ਹਨ। ਜੇ ਤੁਹਾਡਾ ਬੱਚਾ ਚੰਗੀ ਤਰ੍ਹਾਂ ਸੁਣ ਨਹੀਂ ਸਕਦਾ, ਤਾਂ ਸੰਭਵ ਹੈ ਕਿ ਉਨ੍ਹਾਂ ਨੂੰ ਭਾਸ਼ਾ ਸਿੱਖਣ, ਬੋਲਣਾ ਸਿੱਖਣ ਅਤੇ ਪੜ੍ਹਨਾ ਸਿੱਖਣ ਵਿੱਚ ਮੁਸ਼ਕਲ ਹੋਏ।

ਸੁਣਨ ਦੀ ਸ਼ਕਤੀ ਬੱਚਿਆਂ ਦੇ ਸਮਾਜਕ ਅਤੇ ਭਾਵਾਤਮਕ ਵਾਧੇ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਸੁਣਨ ਸ਼ਕਤੀ ਦੀ ਕਮੀ ਦੇ ਸ਼ੁਰੂ ਦੇ ਚਿੰਨ੍ਹਾਂ ਨੂੰ ਪਛਾਣਨਾ ਮਹੱਤਵਪੂਰਨ ਹੈ ਤਾਂ ਕਿ ਬੱਚੇ ਕਾਮਯਾਬ ਹੋਣ ਲਈ ਉਨ੍ਹਾਂ ਦੁਆਰਾ ਲੁੜੀਂਦੇ ਕੋਈ ਵੀ ਸਹਾਰੇ ਪ੍ਰਾਪਤ ਕਰ ਸਕਣ।

## ਮੇਰੇ ਬੱਚੇ ਨੂੰ ਉਨ੍ਹਾਂ ਦੀ ਸੁਣਨ ਸ਼ਕਤੀ ਦੀ ਜਾਂਚ ਕਰਵਾਉਣ ਦੀ ਲੋੜ ਕਿਉਂ ਹੈ?

ਬੀ.ਸੀ. ਵਿੱਚ ਹਰ ਸਾਲ, ਲਗਭਗ 100 ਬੱਚੇ (400 ਜਨਮਾਂ ਵਿੱਚੋਂ ਲਗਭਗ 1) ਸੁਣਨ ਸ਼ਕਤੀ ਦੀ ਸਥਾਈ ਕਮੀ ਨਾਲ ਪੈਦਾ ਹੁੰਦੇ ਹਨ। ਜਨਮ ਦੇ ਸਮੇਂ ਖਾਸ ਦੇਖਭਾਲ ਦੀ ਲੋੜ ਪੈਣ ਵਾਲੇ ਬੱਚਿਆਂ ਵਿੱਚੋਂ 50 ਵਿੱਚੋਂ ਲਗਭਗ 1 ਸੁਣਨ ਸ਼ਕਤੀ ਦੀ ਸਥਾਈ ਕਮੀ ਨਾਲ ਪੈਦਾ ਹੁੰਦੇ ਹਨ।

ਸੁਣਨ ਸ਼ਕਤੀ ਦੀ ਕਮੀ ਵਾਲੇ ਬਹੁਤੇ ਬੱਚਿਆਂ ਲਈ, ਸਾਨੂੰ ਦਸਣ ਵਾਲੇ ਕੋਈ ਸਪਸ਼ਟ ਚਿੰਨ੍ਹ ਨਹੀਂ ਹੁੰਦੇ ਕਿ ਤੁਹਾਡੇ ਬੱਚੇ ਨੂੰ ਚੰਗੀ ਤਰ੍ਹਾਂ ਸੁਣਾਈ ਨਹੀਂ ਦੇ ਰਿਹਾ। ਬੱਚੇ ਦੀ ਹਰ ਰੋਜ਼ ਦੀਆਂ ਆਵਾਜ਼ਾਂ ਪ੍ਰਤੀ ਪ੍ਰਕਿਰਿਆ ਦੇਖ ਕੇ ਇਹ ਦਸ ਸਕਣਾ ਅਸੰਭਵ ਹੈ ਕਿ ਤੁਹਾਡਾ ਬੱਚਾ ਅਸਲ ਵਿੱਚ ਕਿਸ ਤਰ੍ਹਾਂ ਸੁਣਦਾ ਹੈ। ਇਸ ਲਈ ਇਹ ਮਹੱਤਵਪੂਰਨ ਹੈ ਕਿ ਹਰ ਬੱਚੇ ਦੀ ਨਿਯੂਬੌਰਨ ਹੀਅਰਰਿੰਗ ਸਕ੍ਰੀਨਿੰਗ (ਨਵਜੰਮੇ ਬੱਚੇ ਦੀ ਸੁਣਨ ਸ਼ਕਤੀ ਦੀ ਜਾਂਚ) ਕੀਤੀ ਜਾਏ।

## ਸੁਣਨ ਸ਼ਕਤੀ ਦੀ ਜਾਂਚ ਮੇਰੇ ਬੱਚੇ ਵਾਸਤੇ ਕਿਹੋ ਜਿਹੀ ਹੋਏਗੀ?

ਨਵੇਂ ਜਨਮੇ ਬੱਚਿਆਂ ਅਤੇ ਪਰਿਵਾਰਾਂ ਲਈ ਸੁਣਨ ਸ਼ਕਤੀ ਦੇ ਟੈਸਟ ਮਹੱਤਵਪੂਰਨ ਹਨ ਕਿਉਂਕਿ ਜੇ ਸੁਣਨ ਸ਼ਕਤੀ ਦੀ ਕਮੀ ਦਾ ਜੀਵਨ ਵਿੱਚ ਪਹਿਲਾਂ ਪਤਾ ਲੱਗ ਜਾਏ ਤਾਂ ਬਹੁਤ ਕੁਝ ਕੀਤਾ ਜਾ ਸਕਦਾ ਹੈ।

ਬੀ.ਸੀ. ਵਿੱਚ, ਬੀ.ਸੀ. ਅਰਲੀ ਹੀਅਰਰਿੰਗ ਪ੍ਰੋਗਰਾਮ (BC Early Hearing Program) ਰਾਹੀਂ ਸਾਰੇ ਬੱਚੇ ਆਪਣੀ ਸੁਣਨ ਸ਼ਕਤੀ ਦੀ ਜਾਂਚ ਕਰਵਾ ਸਕਦੇ ਹਨ। ਤੁਹਾਡੇ ਬੱਚੇ ਦੀ ਸੁਣਨ ਸ਼ਕਤੀ ਦੀ ਜਾਂਚ ਤੁਹਾਡੇ ਘਰ ਜਾਣ ਤੋਂ ਪਹਿਲਾਂ ਹਸਪਤਾਲ ਵਿੱਚ ਜਾਂ ਜਨਮ ਤੋਂ ਕੁਝ ਹੀ ਸਮੇਂ ਬਾਅਦ ਤੁਹਾਡੇ ਭਾਈਚਾਰੇ ਵਿੱਚ ਹੋ ਸਕਦੀ ਹੈ। ਹਸਪਤਾਲ ਵਿੱਚ ਪੈਦਾ ਹੋਣ ਵਾਲੇ ਬਹੁਤੇ ਬੱਚਿਆਂ ਦੀ ਹਸਪਤਾਲ ਤੋਂ ਜਾਣ ਤੋਂ ਪਹਿਲਾਂ ਜਾਂਚ ਕੀਤੀ ਜਾਂਦੀ ਹੈ। ਜੇ ਤੁਹਾਡੇ ਬੱਚੇ ਦੀ ਸੁਣਨ ਸ਼ਕਤੀ ਦੀ ਜਾਂਚ ਨਹੀਂ ਹੋਈ, ਤਾਂ ਆਪਣੇ ਸਥਾਨਕ ਪਬਲਿਕ ਹੈਲਥ ਯੂਨਿਟ ਨਾਲ ਸੰਪਰਕ ਕਰੋ।

ਸਕ੍ਰੀਨਿੰਗ ਟੈਸਟ ਬਹੁਤ ਸੁਰੱਖਿਅਤ ਹੈ ਅਤੇ ਇਸ ਨਾਲ ਤੁਹਾਡੇ ਬੱਚੇ ਨੂੰ ਕੋਈ ਤਕਲੀਫ ਨਹੀਂ ਹੋਏਗੀ। ਤੁਹਾਡੇ ਬੱਚੇ ਦੇ ਕੰਨਾਂ ਵਿੱਚ ਕੋਮਲ ਆਵਾਜ਼ਾਂ ਸੁਣਾਈਆਂ ਜਾਂਦੀਆਂ ਹਨ, ਜਦਕਿ ਕੰਪਿਊਟਰ ਕੰਨਾਂ ਤੋਂ ਪ੍ਰਤੀਕਿਰਿਆਂਵਾਂ ਨੂੰ ਮਾਪਦਾ ਹੈ। ਸਕ੍ਰੀਨਿੰਗ ਜਨਮ ਦੇ ਲਗਭਗ 12 ਘੰਟੇ ਬਾਦ ਅਤੇ ਤੁਹਾਡੇ ਬੱਚੇ ਦੇ ਚੁਪਚਾਪ ਆਰਾਮ ਕਰਦੇ ਜਾਂ ਸੌਂਦੇ ਹੋਏ ਕੀਤੇ ਜਾਣਾ ਸਭ ਤੋਂ ਚੰਗਾ ਹੈ।

## ਜੇ ਮੈਂ ਸੋਚਦਾ/ਦੀ ਹਾਂ ਕਿ ਮੇਰਾ ਬੱਚਾ ਚੰਗੀ ਤਰ੍ਹਾਂ ਸੁਣ ਨਹੀਂ ਰਿਹਾ ਤਾਂ ਮੈਂ ਕੀ ਕਰ ਸਕਦਾ/ਦੀ ਹਾਂ?

ਸੁਣਨ ਸ਼ਕਤੀ ਦੀ ਕਮੀ ਦਾ ਪਤਾ ਲਗਾਉਣਾ ਮੁਸ਼ਕਲ ਹੋ ਸਕਦਾ ਹੈ। ਸੁਣਨ ਸ਼ਕਤੀ ਦੀ ਹਲਕੀ ਕਮੀ ਨੂੰ ਕਈ ਵਾਰੀ ਦੂਸਰੀਆਂ ਚਿੰਤਾਵਾਂ ਸਮਝ ਲਿਆ ਜਾਂਦਾ ਹੈ, ਅਤੇ ਸੰਭਵ ਹੈ ਕਿ ਇਸ ਕਰਕੇ ਬੱਚਾ ਪਰੇਸ਼ਾਨ ਜਾਂ ਚੁਪਚਾਪ ਜਿਹਾ ਲੱਗੇ। ਵੱਡੇ ਬੱਚਿਆਂ ਵਿੱਚ, ਚਿੰਤਾ ਹੋਣ ਦੀ ਸੂਰਤ ਵਿੱਚ ਅਕਸਰ ਮਾਪਿਆਂ ਨੂੰ ਹੀ ਸਭ ਤੋਂ ਪਹਿਲਾਂ ਪਤਾ ਲਗਦਾ ਹੈ।

ਸੁਣਨ ਸ਼ਕਤੀ ਦੀ ਕਮੀ ਬਚਪਨ ਵਿੱਚ ਕਿਸੇ ਵੀ ਸਮੇਂ ਵਿਕਸਤ ਹੋ ਸਕਦੀ ਹੈ। ਇਹ ਸਮਝਣਾ ਮਹੱਤਵਪੂਰਨ ਹੈ ਕਿ ਕੁਝ ਬੱਚਿਆਂ ਵਿੱਚ ਜਨਮ ਦੇ ਸਮੇਂ ਸੁਣਨ ਸ਼ਕਤੀ ਦੀ ਕਮੀ ਨਹੀਂ ਹੁੰਦੀ ਪਰ ਉਨ੍ਹਾਂ ਵਿੱਚ ਬਾਅਦ ਵਿੱਚ ਇਹ ਵਿਕਸਤ ਹੋ ਸਕਦੀ ਹੈ। ਜੇ ਤੁਹਾਡਾ ਬੱਚਾ ਨਿਯੂਬੌਰਨ ਹੀਅਰਰਿੰਗ ਸਕ੍ਰੀਨਿੰਗ ਵਿੱਚੋਂ ਪਾਸ ਹੋ ਜਾਂਦਾ ਹੈ ਤਾਂ ਵੀ ਆਵਾਜ਼ਾਂ ਪ੍ਰਤੀ ਉਨ੍ਹਾਂ ਦੀ ਸੂਝ ਅਤੇ ਬੋਲਣ ਦੀਆਂ ਅਰੰਭਕ ਕੋਸ਼ਿਸ਼ਾਂ ਵਲ ਹਮੇਸ਼ਾ ਧਿਆਨ ਦੇਣਾ ਮਹੱਤਵਪੂਰਨ ਹੈ।

ਜੇ ਤੁਹਾਨੂੰ ਆਪਣੇ ਬੱਚੇ ਦੀ ਸੁਣਨ ਸ਼ਕਤੀ ਸੰਬੰਧੀ ਚਿੰਤਾਵਾਂ ਹਨ, ਤਾਂ ਆਪਣੇ ਸਥਾਨਕ ਪਬਲਿਕ ਹੈਲਥ ਹੀਅਰਰਿੰਗ ਕਲੀਨਿਕ ਜਾਂ ਤੁਹਾਡੇ ਪਰਿਵਾਰ ਦੇ ਸਿਹਤ ਸੰਭਾਲ ਪ੍ਰਦਾਤਾ ਨਾਲ ਸੰਪਰਕ ਕਰੋ।

ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਤੁਰੰਤ ਮਿਲੋ ਜੇ ਤੁਹਾਡੇ ਬੱਚੇ ਨੂੰ ਹੇਠਾਂ ਦਿੱਤਿਆਂ ਵਿੱਚੋਂ ਕੁਝ ਵੀ ਹੈ:

- ਕੰਨ ਵਿੱਚੋਂ ਦ੍ਰਵ ਜਿਹਾ ਨਿਕਲਣਾ (ਕੰਨ ਵਿੱਚੋਂ ਪਾਣੀ ਜਿਹਾ ਨਿਕਲਣਾ)
- ਕੰਨ ਵਿੱਚ ਦਰਦ
- ਕੰਨ ਦੇ ਅੰਦਰੋਂ ਬੁਰੀ ਗੰਧ ਆਉਣਾ
- ਕੰਨ ਦੇ ਦੁਆਲੇ ਦੀ ਚਮੜੀ ਲਾਲ ਹੈ
- ਕੰਨ ਵਿੱਚ ਕੋਈ ਚੀਜ਼ ਫਸ ਗਈ ਹੈ
- ਕੰਨ ਤੇ ਕੋਈ ਸੱਟ ਲਗ ਗਈ ਹੈ

## ਮੇਰੇ ਬੱਚੇ ਦੇ ਸੁਣਨ ਸ਼ਕਤੀ ਦੇ ਕਿਹੜੇ ਟੈਸਟ ਕੀਤੇ ਜਾਣਗੇ?

ਜੇ ਤੁਹਾਡੇ ਬੱਚੇ ਨੂੰ ਸਕ੍ਰੀਨਿੰਗ ਤੋਂ ਬਾਅਦ ਹੋਰ ਟੈਸਟਾਂ ਦੀ ਲੋੜ ਹੈ, ਤੁਹਾਡੇ ਬੱਚੇ ਨੂੰ ਹੇਠਾਂ ਦਿੱਤਿਆਂ ਵਿੱਚੋਂ ਇੱਕ ਜਾਂ ਉਸ ਤੋਂ ਵੱਧ ਦੀ ਲੋੜ ਹੋਵੇਗੀ।

### ਨਿਆਣਿਆਂ ਅਤੇ ਰਿੜ੍ਹਨ ਵਾਲੇ ਬੱਚਿਆਂ ਲਈ ਟੈੱਸਟ

- **ਔਡੀਟਰੀ ਬਰੇਨਸਟੈਮ ਰਿਸਪੌਂਸ (ਏ ਬੀ ਆਰ)**
  **(Auditory Brainstem Response – ABR)**
  ਇਹ ਟੈਸਟ ਕੀਤੇ ਜਾਣ ਲਈ ਬੱਚੇ ਦੇ ਸੁੱਤੇ ਹੋਣ ਦੀ ਲੋੜ ਹੈ। ਛੋਟੇ ਈਅਰਫੋਨ ਲਗਾ ਕੇ ਆਵਾਜ਼ਾਂ ਕੰਨਾਂ ਤੱਕ ਪਹੁੰਚਾਈਆਂ ਜਾਂਦੀਆਂ ਹਨ। ਸੁਣਨ ਵਾਲੀ ਨਾੜ ਦੀ ਪ੍ਰਤੀਕਿਰਿਆ ਨੂੰ ਮਾਪਣ ਲਈ ਹਰੇਕ ਕੰਨ ਦੇ ਪਿੱਛੇ ਅਤੇ ਮੱਥੇ ਤੇ ਸੈਂਸਰ ਲਗਾਏ ਜਾਂਦੇ ਹਨ।ਇਹ ਟੈਸਟ ਤੁਹਾਡੇ ਬੱਚੇ ਦੇ ਕੁਦਰਤੀ ਸੁੱਤਿਆਂ ਹੋਏ, ਜਾਂ ਵਡੇ ਬੱਚਿਆਂ ਲਈ ਹਲਕੀ ਜਿਹੀ ਸੌਣ ਵਾਲੀ ਦਵਾਈ ਦੇ ਕੇ ਕੀਤਾ ਜਾ ਸਕਦਾ ਹੈ।

- **ਵਿਜ਼ੂਅਲ ਰੀਇੰਨਫੋਰਸਮੈਂਟ ਔਡੀਓਮੀਟਰੀ (ਵੀ ਆਰ ਏ)**
  **(Visual Reinforcement Audiometry -VRA)**

  ਇਹ ਟੈਸਟ ਜਿਆਦਾਤਰ 6 ਮਹੀਨੇ ਤੋਂ ਵੱਧ ਉਮਰ ਦੇ ਬੱਚਿਆਂ ਤੇ ਕੀਤਾ ਜਾਂਦਾ ਹੈ।ਇਹ ਟੈਸਟ ਤੁਹਾਡੇ ਬੱਚੇ ਦੇ ਉਨ੍ਹਾਂ ਦੇ ਵਾਤਾਵਰਨ ਵਿੱਚ ਆਵਾਜ਼ਾਂ ਸੁਣਨ ਲਈ ਕੁਦਰਤੀ ਤੌਰ ਤੇ ਸਿਰ ਹਿਲਾਉਣ ਨੂੰ ਵਰਤਦਾ ਹੈ। ਤੁਹਾਡੇ ਬੱਚੇ ਨੂੰ ਰੌਸ਼ਨੀ ਕਰਨ ਵਾਲੇ ਖਿਡੌਣੇ ਵਰਤ ਕੇ ਆਵਾਜ਼ਾਂ ਵੱਲ ਮੁੜਨਾ ਸਿਖਾਇਆ ਜਾਂਦਾ ਹੈ।

- **ਕੰਡੀਸ਼ੰਨਡ ਪਲੇ ਔਡੀਓਮੀਟਰੀ (Conditioned Play Audiometry)**

  ਇਹ ਟੈਸਟ ਜਿਆਦਾਤਰ 2 ਤੋਂ 4 ਸਾਲਾਂ ਦੀ ਉਮਰ ਦੇ ਬੱਚਿਆਂ ਲਈ ਵਰਤਿਆ ਜਾਂਦਾ ਹੈ।ਤੁਹਾਡੇ ਬੱਚੇ ਨੂੰ ਕੋਈ ਖੇਡ ਖੇਡਣੀ ਸਿਖਾਈ ਜਾਂਦੀ ਹੈ, ਜਿਵੇਂ ਕਿ ਉਨ੍ਹਾਂ ਦੇ ਹਰ ਵਾਰੀ ਆਵਾਜ਼ ਸੁਣਨ ਤੇ ਬਲੌਕ ਨੂੰ ਬਾਲਟੀ ਵਿੱਚ ਪਾਉਣਾ।

### 4 ਸਾਲ ਜਾਂ ਉਸ ਤੋਂ ਵੱਧ ਉਮਰ ਦੇ ਬੱਚਿਆਂ ਲਈ ਟੈਸਟ

- **ਪਿਯੋਰ ਟੋਨ ਔਡੀਓਮੀਟਰੀ (Pure Tone Audiometry)**

  ਤੁਹਾਡਾ ਬੱਚਾ ਹੱਥ ਚੁੱਕ ਕੇ ਜਾਂ ਬਟਨ ਦਬਾ ਕੇ ਆਵਾਜ਼ਾਂ ਪ੍ਰਤੀ ਆਪਣੀ ਪ੍ਰਤੀਕਿਰਿਆ ਦਿਖਾਉਂਦਾ ਹੈ।ਹੈਡਫੋਨਾਂ ਰਾਹੀਂ ਵੱਖ ਵੱਖ ਉੱਚੀਆਂ ਨੀਵੀਆਂ ਅਤੇ ਬਰੀਕ ਮੋਟੀਆਂ ਆਵਾਜ਼ਾਂ ਸੁਣਾਈਆਂ ਜਾਂਦੀਆਂ ਹਨ।

- **ਸਪੀਚ ਔਡੀਓਮੀਟਰੀ (Speech Audiometry)**

  ਤੁਹਾਡਾ ਬੱਚਾ ਜਾਂ ਤਾਂ ਸ਼ਬਦ ਦੁਹਰਾਏਗਾ ਜਾਂ ਤਸਵੀਰਾਂ ਵਲ ਇਸ਼ਾਰਾ ਕਰੇਗਾ।ਇਸ ਟੈਸਟ ਨੂੰ ਤੁਹਾਡੇ ਬੱਚੇ ਦੀ ਸੁਣਨ ਸ਼ਕਤੀ ਦੀ ਜਿਆਦਾ ਪੂਰੀ ਤਸਵੀਰ ਪੇਸ਼ ਕਰਨ ਲਈ ਪਿਯੋਰ ਟੋਨ ਔਡੀਓਮੀਟਰੀ ਦੇ ਨਾਲ ਮਿਲਾ ਕੇ ਕੀਤਾ ਜਾ ਸਕਦਾ ਹੈ।

### ਸਾਰੀਆਂ ਉਮਰਾਂ ਲਈ ਟੈਸਟ

- **ਟਿਮਪੈਨੋਮੀਟਰੀ (Tympanometry)**

  ਇਹ ਟੈਸਟ ਕੰਨ ਦੇ ਪਰਦੇ ਦੀ ਹਰਕਤ ਨੂੰ ਮਾਪਦਾ ਹੈ ਅਤੇ ਕੰਨ ਦੇ ਵਿਚਲੇ ਹਿੱਸੇ (ਮਿਡਲ ਈਅਰ) ਵਿੱਚ ਤਰਲ ਪਦਾਰਥ ਦਾ ਪਤਾ ਲਗਾਉਂਦਾ ਹੈ। ਇਹ ਟੈਸਟ ਕੰਨ ਦੇ ਵਿਚਲੇ ਹਿੱਸੇ (ਮਿਡਲ ਈਅਰ) ਵਿੱਚਲੀਆਂ ਦੂਸਰੀਆਂ ਸਮੱਸਿਆਵਾਂ ਦਾ ਪਤਾ ਵੀ ਲਗਾ ਸਕਦਾ ਹੈ।

- **ਔਟੋਅਕੂਸਟਿਕ ਇਮੀਸ਼ਨਜ਼ (ਜਿਸ ਨੂੰ ਓ ਏ ਈ ਕਿਹਾ ਜਾਂਦਾ ਹੈ) Otoacoustic Emissions (called OAEs)**

  ਇੱਕ ਛੋਟੇ ਜਿਹੇ ਨਰਮ ਈਅਰਪੀਸ ਨੂੰ ਕੰਨ ਵਿੱਚ ਰੱਖਿਆ ਜਾਂਦਾ ਹੈ ਅਤੇ ਆਵਾਜ਼ਾਂ ਸੁਣਾਈਆਂ ਜਾਂਦੀਆਂ ਹਨ।ਕੰਨ ਦਾ ਅੰਦਰ ਵਾਲਾ ਹਿੱਸਾ ਜਿਸ ਨੂੰ ਕੋਕਲੀਆ (cochlea) ਕਿਹਾ ਜਾਂਦਾ ਹੈ ਓ ਏ ਈ ਪ੍ਰਤੀਕਿਰਿਆ ਕਰਦਾ ਹੈ ਜਿਸ ਨੂੰ ਅਸੀਂ ਮਾਪ ਸਕਦੇ ਹਾਂ।ਓ ਏ ਈਜ਼ ਮੌਜੂਦ ਹੋਣ ਦਾ ਮਤਲਬ ਆਮਤੌਰ ਤੇ ਚੰਗੀ ਸੁਣਨ ਸ਼ਕਤੀ ਹੁੰਦਾ ਹੈ।

## ਸੁਣਨ ਸ਼ਕਤੀ ਦੀ ਕਮੀ ਅਸਥਾਈ ਹੈ ਜਾਂ ਸਥਾਈ?

ਸੁਣਨ ਸ਼ਕਤੀ ਦੀ ਕਮੀ ਅਸਥਾਈ ਹੋ ਸਕਦੀ ਹੈ ਜਾਂ ਸਥਾਈ।ਛੋਟੇ ਬੱਚਿਆਂ ਵਿੱਚ ਸੁਣਨ ਸ਼ਕਤੀ ਦੀ ਜਿਆਦਾਤਰ ਕਮੀ ਅਸਥਾਈ ਅਤੇ ਮੈਡੀਕਲ ਤੌਰ ਤੇ ਇਲਾਜ ਕੀਤੇ ਜਾ ਸਕਣ ਵਾਲੀ ਹੁੰਦੀ ਹੈ।

ਇੱਕ ਔਡੀਔਲੋਜਿਸਟ ਦੁਆਰਾ ਕੀਤਾ ਗਿਆ ਪਰੀਖਣ ਇਹ ਨਿਰਧਾਰਤ ਕਰੇਗਾ ਜੇਕਰ ਤੁਹਾਡੇ ਬੱਚੇ ਨੂੰ ਸੁਣਨ ਸ਼ਕਤੀ ਦੀ ਕਮੀ ਹੈ ਅਤੇ ਕਿਸ ਕਿਸਮ ਦੀ ਸੁਣਨ ਸ਼ਕਤੀ ਦੀ ਕਮੀ ਹੈ।ਔਡੀਔਲੋਜਿਸਟ ਉਹ ਵਿਅਕਤੀ ਹੈ ਜਿਸ ਨੂੰ ਸੁਣਨ ਸ਼ਕਤੀ ਦੇ ਪਰੀਖਣ ਅਤੇ ਇਲਾਜ ਦੀ ਖਾਸ ਸਿਖਲਾਈ ਪ੍ਰਾਪਤ ਹੈ।

## ਹੋਰ ਜਾਣਕਾਰੀ ਲਈ

ਬੱਚਿਆਂ ਵਿੱਚ ਸੁਣਨ ਸ਼ਕਤੀ ਦੀ ਕਮੀ ਬਾਰੇ, ਹੋਰ ਜਾਣਕਾਰੀ ਲਈ, HealthLinkBC File #71a ਬੱਚਿਆਂ ਵਿੱਚ ਸੁਣਨ ਸ਼ਕਤੀ ਦੀ ਕਮੀ ਦੇਖੋ, ਆਪਣੇ ਸਥਾਨਕ ਪਬਲਿਕ ਹੈਲਥ ਆਫਿਸ ਨਾਲ ਸੰਪਰਕ ਕਰੋ, ਜਾਂ www.phsa.ca/our-services/programs-services/bc-early-hearing-program ਤੇ ਬੀ ਸੀ ਅਰਲੀ ਹੀਅਰਰਿੰਗ ਪ੍ਰੋਗਰਾਮ ਪ੍ਰੋਵਿੰਸ਼ੀਅਲ ਹੈਲਥ ਸਰਵਿਸਿਜ਼ ਅਥੌਰਿਟੀ (BC Early Hearing Program, Provincial Health Services Authority) ਦੇਖੋ।